

# ਇਸ਼ਤਿਹਾਰ ਦੇਣ ਦੇ ਨਿਯਮ ਜਾਣੋ

## 2018 ਆਮ ਸਥਾਨਕ ਚੋਣਾਂ

## ਤੀਜੀ ਧਿਰ ਦੁਆਰਾ ਇਸ਼ਤਿਹਾਰ ਦੇਣਾ

ਬੀ.ਸੀ. ਵਿੱਚ ਆਮ ਸਥਾਨਕ ਚੋਣਾਂ 20 ਅਕਤੂਬਰ ਨੂੰ ਹਨ, ਅਤੇ ਅਜਿਹੇ ਨਿਯਮ ਹਨ ਜਿਨ੍ਹਾਂ ਦੀ ਤੀਜੀ ਧਿਰ ਦੇ ਇਸ਼ਤਿਹਾਰ ਦੇਣ ਵਾਲਿਆਂ ਨੂੰ ਲਾਜ਼ਮੀ ਤੌਰ ਤੇ ਪਾਲਣਾ ਕਰਨੀ ਚਾਹੀਦੀ ਹੈ।

ਤੀਜੀ ਧਿਰ ਦੁਆਰਾ ਇਸ਼ਤਿਹਾਰ ਅਜਿਹਾ ਕੋਈ ਵੀ ਇਸ਼ਤਿਹਾਰ ਹੁੰਦਾ ਹੈ ਜੋ ਕਿਸੇ ਉਮੀਦਵਾਰ ਜਾਂ ਚੋਣ ਸੰਗਠਨ ਦੁਆਰਾ ਪ੍ਰਾਯੋਜਿਤ ਨਹੀਂ ਕੀਤਾ ਜਾਂਦਾ। ਜੇਕਰ ਤੁਸੀਂ 22 ਸਤੰਬਰ ਅਤੇ 20 ਅਕਤੂਬਰ ਦੇ ਵਿਚਕਾਰ ਕਿਸੇ ਤੀਜੀ ਧਿਰ ਦੇ ਰੂਪ ਵਿੱਚ ਇਸ਼ਤਿਹਾਰ ਦਿੰਦੇ ਹੋ, ਤਾਂ ਇਹ ਜ਼ਰੂਰੀ ਹੈ ਕਿ ਤੁਸੀਂ:

- ਕੋਈ ਵੀ ਇਸ਼ਤਿਹਾਰ ਦੇਣ ਤੋਂ **ਪਹਿਲਾਂ** ਇਲੈਕਸ਼ਨਜ਼ ਬੀਸੀ ਕੋਲ ਰਜਿਸਟਰ ਕਰੋ
- ਸਾਰੇ ਇਸ਼ਤਿਹਾਰਾਂ 'ਤੇ ਆਪਣਾ ਨਾਮ ਅਤੇ ਸੰਪਰਕ ਜਾਣਕਾਰੀ ਸ਼ਾਮਲ ਕਰੋ
- ਕਿਸੇ ਉਮੀਦਵਾਰ ਜਾਂ ਚੋਣਕਾਰ ਸੰਗਠਨ ਦੇ ਵੱਲੋਂ, ਜਾਂ ਉਹਨਾਂ ਨਾਲ ਮਿਲ ਕੇ ਵਿਗਿਆਪਨ ਪ੍ਰਾਯੋਜਿਤ ਨਾ ਕਰੋ
- ਖਰਚ ਦੀ ਸੀਮਾ ਤੋਂ ਵੱਧ ਖਰਚ ਨਾ ਕਰੋ
- ਇੱਕ ਖੁਲਾਸਾ ਬਿਆਨ ਦਾਇਰ ਕਰੋ

ਹਰੇਕ ਚੋਣ ਖੇਤਰ ਵਿੱਚ ਟੀਚਾਬੱਧ ਇਸ਼ਤਿਹਾਰਾਂ ਲਈ ਖ਼ਰਚ ਸੀਮਾਵਾਂ ਹੁੰਦੀਆਂ ਹਨ। **Elections.bc.ca/limits** 'ਤੇ ਸੀਮਾਵਾਂ ਲੱਭੋ।

$150,000 ਦੀ ਸਮੁੱਚੀ ਇਸ਼ਤਿਹਾਰ ਖਰਚ ਸੀਮਾ ਵੀ ਹੈ। ਪ੍ਰਾਯੋਜਿਤ ਕੀਤੇ ਇਸ਼ਤਿਹਾਰ ਦਾ ਕੁੱਲ ਮੁੱਲ ਇਸ ਸੀਮਾ ਤੋਂ ਵੱਧਣਾ ਨਹੀਂ ਚਾਹੀਦਾ।

**Elections.bc.ca/sponsors** 'ਤੇ ਰਜਿਸਟ੍ਰੇਸ਼ਨ ਫਾਰਮ ਅਤੇ *ਬੀ.ਸੀ. ਵਿੱਚ ਸਥਾਨਕ ਚੋਣਾਂ ਤੀਜੀ ਧਿਰ ਦੇ ਪ੍ਰਾਯੋਜਕਾਂ ਲਈ ਗਾਈਡ* ਲੱਭੋ।

ਜੇ ਨਿਯਮਾਂ ਜਾਂ ਰਜਿਸਟਰ ਕਰਨ ਦੇ ਤਰੀਕੇ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਇਲੈਕਸ਼ਨਜ਼ ਬੀ.ਸੀ. ਨੂੰ 1-855-952-0280 'ਤੇ ਕਾਲ ਕਰੋ।

ਮੀਡੀਆ ਆਊਟਲੇਟਾਂ ਨੂੰ ਆਮ ਚੋਣਾਂ ਦੇ ਦਿਨ, ਸ਼ਨੀਵਾਰ, 20 ਅਕਤੂਬਰ 2018 ਨੂੰ ਚੋਣ ਸੰਬੰਧੀ ਇਸ਼ਤਿਹਾਰਾਂ ਨੂੰ ਪ੍ਰਕਾਸ਼ਿਤ ਜਾਂ ਪ੍ਰਸਾਰਿਤ ਨਹੀਂ ਕਰਨਾ ਚਾਹੀਦਾ।

elections.bc.ca/lecf
1-855-952-0280 · lecf@elections.bc.ca

ELECTIONS BC
A non-partisan Office of the Legislature